ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ ੬

3D

# ਗੁਰੂ ਕੀ ਮੋਹਰ ਅਤੇ ਕੰਡਕਟਰ ਦੀ ਦਲੀਲ


ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ

ਪਟਿਆਲਾ

ਸਤੰਬਰ ੧੯੯੫ ਸੰਮਤ ਖਾਲਸਾ ੨੯੭ ਛੇਵੀਂ ਵਾਰ ੫੦੦੦


ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ।

## ਗੁਰੂ ਸਾਹਿਬ ਕਹਿੰਦੇ ਹਨ –

ਰਹਿਣੀ ਰਹੈ ਸੋਈ ਸਿਖ ਮੇਰਾ ।
ਓਹੁ ਸਾਹਿਬ ਮੈਂ ਉਸ ਕਾ ਚੇਰਾ ।
ਰਹਿਤ ਬਿਨਾਂ ਨਹਿ ਸਿਖ ਕਹਾਵੈ ।
ਰਹਿਤ ਬਿਨਾਂ ਦਰ ਚੋਟਾ ਖਾਵੈ ।
ਰਹਿਤ ਬਿਨਾਂ ਸੁਖ ਕਬਹੂੰ ਨ ਲਹੇ।
ਤਾਂ ਤੇ ਰਹਿਤ ਸਧ ਦ੍ਰਿੜ ਕਰ ਰਹੇ।

ਨੋਟ–

੧ ਇਹ ਟ੍ਰੈਕਟ ਅਤੇ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 25/- ਰੁਪਏ ਸੈਂਕੜਾ ਦੇ ਹਿਸਾਬ ਪ੍ਰਚਾਰ ਹਿਤ ਫਰੀ ਵੰਡਣ ਲਈ ।

੨ ਅਰਥਾਂ ਸਹਿਤ ਕਬਿਯੋ ਵਾਚ ਬੇਨਤੀ ਚੌਪਈ ਅਤੇ ਚੌਪਈ ਪਾਤਸ਼ਾਹੀ ੧੦ ਦਾ ਗੁਟਕਾ ਵਧੀਆ ਕਾਗਜ ਅਤੇ ਲੈਮੀਨੇਟਿਡ ਕਵਰ ਵਾਲਾ ਇਕ ਰੁਪਿਆ ਪ੍ਰਤੀ ਦੇ ਹਿਸਾਬ ।

੩ ਮੋਟੇ ਅੱਖਰਾਂ ਵਾਲਾ ਅਤੇ ਸ਼ੁਧ ਉਚਾਰਨ ਦੇ ਸੰਕੇਤਾਂ ਵਾਲਾ ਜਪੁਜੀ, ਰਹਿਰਾਸਿ, ਸੋਹਿਲਾ ਅਤੇ ਅਰਦਾਸ ਸਹਿਤ ਸੋਹਣੀ ਛਪਾਈ ਵਾਲਾ ਗੁਟਕਾ ੨ ਰੁਪਏ ਪ੍ਰਤੀ ਦੇ ਹਿਸਾਬ ਮੰਗਵਾਉਣ ਲਈ ਮਾਇਆ ਸ੍ਰ ਦੀਦਾਰ ਸਿੰਘ, ਸੀ–੧੨੯ ਵਿਕਾਸ ਕਾਲੋਨੀ ਪਟਿਆਲਾ – ੧੪੭੦੦੧ ਨੂੰ ਭੇਜ ਕੇ ਮੰਗਵਾ ਸਕਦੇ ਹੋ ।

ਪ੍ਰਾਰਥਕ ।

# ਗੁਰੂ ਕੀ ਮੋਹਰ

੨੬ ਦਸੰਬਰ ੧੯੬੩ ਨੂੰ ਕਸ਼ਮੀਰ ਦੀ ਬਰਫ ਨੂੰ ਅੱਗ ਲੱਗ ਗਈ । ਸਖਤ ਸਰਦੀ ਤੇ ਬਰਫਾਂ ਨੂੰ ਚੀਰਦੇ ਹੋਏ ਲੱਖਾਂ ਮੁਸਲਮਾਨ ਗੁਸੇ ਤੇ ਰੋਹ ਨਾਲ ਭਰੇ ਹੋਏ ਸ੍ਰੀ ਨਗਰ ਦੇ ਬਾਜ਼ਾਰਾਂ ਨੂੰ ਅੱਗਾਂ ਲਾ ਰਹੇ ਸਨ ।

ਗਲ ਕੀ ਸੀ ? ਹਜ਼ਰਤ ਮੁਹੰਮਦ ਸਾਹਿਬ ਦਾ ਇਕ ਕੇਸ (ਮੂਏ ਮੁਬਾਰਕ) ਜੋ ਕਈ ਸੌ ਸਾਲਾਂ ਤੋਂ ਸ੍ਰੀ ਨਗਰ ਦੀ ਇਕ ਮਸਜਦ ਵਿਚ ਸੰਭਾਲਿਆਂ ਪਿਆ ਸੀ, ਕਿਸੇ ਨੇ ਚੁਰਾ ਲਿਆ ।

ਉਸ ਇਕ ਕੇਸ (ਵਾਲ) ਨੂੰ ਲਭਣ ਵਾਲੇ ਨੂੰ ਇਕ ਲੱਖ ਰੁਪਿਆ ਤੇ ਥਹੁ ਪਤਾ ਦੱਸਣ ਵਾਲੇ ਨੂੰ ੫੦੦ ਰੁ: ਕਸ਼ਮੀਰ ਸਰਕਾਰ ਵਲੋਂ ਦੇਣ ਦਾ ਐਲਾਨ ਕੀਤਾ ਗਿਆ ।

ਇਤਨੀ ਤਰਥੱਲੀ ਮੱਚੀ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਨੂੰ ਉਚੇਚੇ ਤੌਰ ਤੇ ਇਸ ਦੁਖ ਦਾ ਪ੍ਰਗਟਾਵਾ ਕਰਨ ਲਈ ਤੇ ਹਰ ਪ੍ਰਕਾਰ ਦੀ ਲੋੜੀਂਦੀ ਸਹਾਇਤਾ ਦੇਣ ਦਾ ਐਲਾਨ ਰੇਡੀਓ ਤੋਂ ਉਚੇਚਾ ਕਰਨਾ ਪਿਆ ਸੀ ।

ਮੁਸਲਮਾਨ ਭਾਵੇਂ ਆਪ ਕੇਸਾਧਾਰੀ ਨਹੀਂ, ਪਰ ਆਪਣੇ ਕੇਸਾਧਾਰੀ ਪੈਗੰਬਰ ਦੇ ਇਕ ਕੇਸ ਪ੍ਰਤੀ ਜੋ ਅਥਾਹ ਸ਼ਰਧਾ ਤੇ ਜੋਸ਼ ਉਨ੍ਹਾਂ ਨੇ ਵਿਖਾਇਆ, ਉਹ ਉਨ੍ਹਾਂ ਦੀ ਪੈਗੰਬਰ–ਭਗਤੀ ਦਾ ਇਕ ਸ਼ਾਨਦਾਰ ਨਮੂਨਾ ਸੀ ।

ਅਨੇਕਾਂ ਯਤਨ ਕਰਨ ਤੇ ਆਖਰ ੩-੪ ਦਿਨਾਂ ਮਗਰੋਂ ਉਹ ਪਵਿਤ੍ਰ ਕੇਸ ਲਭ ਪੈਣ ਤੇ ਸ਼ਾਂਤੀ ਹੋਈ ਅਤੇ ਉਸ ਵੇਲੇ ਦੇ ਕਸ਼ਮੀਰ

ਦੇ ਪ੍ਰਧਾਨ ਮੈਤਗੀ ਨੇ ਕਿਹਾ ਸੀ ਕਿ ਮੁਸਲਮਾਨਾਂ ਲਈ ਅਸਲ ਵਿਚ ਅਜ ਈਦ ਹੈ । (ਪੁਰਬ ਹੈ )

## ਦੂਜਾ ਨਮੂਨਾ

ਭੰਗਾਣੀ ਦੇ ਯੁਧ ਦੀ ਵਾਰਤਾ ਸਾਨੂੰ ਯਾਦ ਹੋਣੀ ਚਾਹੀਦੀ ਹੈ ਕਿ ਉਸ ਸਮੇਂ ਸਢੌਰੇ ਦੇ ਪੀਰ ਬੁਧੂ ਸ਼ਾਹ, ਜਿਨ੍ਹਾਂ ਨੇ ਇਸ ਯੁਧ ਵਿਚ ਆਪਣੇ ਦੋ ਜਵਾਨ ਪੁਤਰ ਅਤੇ ਕਈ ਸੋ ਮੁਰੀਦ (ਚੇਲੇ) ਗੁਰੂ ਸਾਹਿਬ ਜੀ ਵਲੋਂ ਦੁਸ਼ਮਣ (ਜਿਨ੍ਹਾਂ ਵਿਚ ਮੁਸਲਮਾਨ ਵੀ ਸ਼ਾਮਲ ਸਨ) .ਨਾਲ ਲੜ੍ਹਦਿਆਂ ਸ਼ਹੀਦ ਕਰਵਾ ਦਿਤੇ ਸਨ ।

ਯੁਧ ਦੇ ਜਿਤਣ ਮਗਰੋਂ ਪੀਰ ਜੀ, ਗੁਰੂ ਜੀ ਤੋਂ ਵਿਦਾ ਹੋਣ ਦੀ ਆਗਿਆ ਮੰਗਦੇ ਹਨ ਤਾਂ ਗੁਰੂ ਜੀ ਉਨ੍ਹਾਂ ਦੀ ਮਹਾਨ ਕੁਰਬਾਨੀ ਤੋਂ ਪ੍ਰਸੰਨ ਹੁੰਦੇ ਹੋਏ ਕੁਝ ਮੰਗ ਮੰਗਣ ਲਈ ਕਹਿੰਦੇ ਹਨ ।

ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਉਸ ਸਮੇ ਆਪਣੇ ਕੇਸਾਂ ਨੂੰ ਕੰਘਾ ਕਰ ਕੇ ਦਸਤਾਰ ਸਜਾਉਣ ਲਗੇ ਸਨ । ਪੀਰ ਜੀ ਨੇ ਉਸ ਵੇਲੇ ਗੁਰੂ ਸਾਹਿਬ ਦੇ ਕੰਘੇ ਨਾਲ ਅੜ੍ਹੇ ਹੋਏ ਪਵਿਤ੍ਰ ਕੇਸਾਂ ਨੂੰ ਕੰਘੇ ਸਮੇਤ ਲੈਣ ਦੀ ਮੰਗ ਕੀਤੀ ਜੋ ਮਹਾਰਾਜ ਨੇ ਪ੍ਰਵਾਨ ਕਰਕੇ ਪੀਰ ਜੀ ਦੀ ਇਛਾ ਪੂਰੀ ਕੀਤੀ ।

ਇਸ ਤਰਾਂ ਪੀਰ ਜੀ ਨੇ ਰਹਿੰਦੀ ਉਮਰ ਤਕ ਉਨਾਂ ਪਵਿਤ੍ਰ ਕੇਸਾਂ ਵਾਲੇ ਕੰਘੇ ਨੂੰ ਸੁਨਹਿਰੀ ਡੱਬੀ ਵਿਚ ਸੰਭਾਲ ਰੱਖਿਆ ਤੇ ਰੋਜ਼ ਸਵੇਰੇ ਇਸ਼ਨਾਨ ਕਰਕੇ ਭਜਨ ਪਾਠ ਸਮੇਂ ਉਨ੍ਹਾਂ ਕੇਸਾਂ ਤੇ ਕੰਘੇ ਵਿਚੋਂ ਸਾਹਿਬਾਂ ਦੇ ਦਰਸ਼ਨ ਕਰਦੇ ।

(ਇਹ ਪਵਿਤ੍ਰ ਕੇਸ ਤੇ ਕੰਘਾ ਮਹਾਰਾਜਾ ਨਾਭਾ ਦੇ ਤੋਸ਼ੇ ਖਾਨੇ ਵਿਚ ਸਾਂਭੇ ਪਏ ਸੁਣੀਂਦੇ ਹਨ ।)

ਇਸ ਤਰ੍ਹਾ ਪੀਰ ਜੀ ਦਾ ਪਿਆਰੇ ਪੁੱਤਰਾਂ ਤੇ ਮੁਰੀਦਾਂ ਨੂੰ ਸ਼ਹੀਦ ਕਰਵਾ ਕੇ ਗੁਰੂ ਜੀ ਦੇ ਪਵਿਤ੍ਰ ਕੇਸਾਂ ਦੀ ਕਦਰੋ ਕੀਮਤ ਦਾ ਨਮੂਨਾ ਇਕ ਪਾਸੇ ਹੈ ।

ਦੂਜੇ ਪਾਸੇ ਉਪ੍ਰੋਕਤ ਵਾਪਰੀ ਕਸ਼ਮੀਰ ਦੀ ਘਟਨਾ ਪੜ੍ਹ ਸੁਣ ਕੇ ਸਾਨੂੰ ਵੀ ਸੋਚਣਾ ਬਣਦਾ ਹੈ ਕਿ ਅਸੀਂ ਕੇਸਾਂ ਧਾਰੀਆਂ ਦੀ ਕੌਮ, ਗੁਰੂ ਕੇ ਅਖਵਾਉਣ ਵਾਲੇ ਅਜ ਕਿਥੇ ਖੜ੍ਹੇ ਹਾਂ ?

ਪੈਗੰਬਰ-ਭਗਤੀ ਦਾ ਇਹ ਸ਼ਾਨਦਾਰ ਨਮੂਨਾ, ਪੁਤਰਾ ਪਰਵਾਰ ਤੇ ਬੇਅੰਤ ਸੇਵਕਾਂ ਦੀ ਕੁਰਬਾਨੀ ਦੇ ਕੇ ਪਿਆਰੇ ਗੁਰੂ ਦੇ ਪਾਵਨ ਕੁਝ ਕੇਸਾਂ ਤੇ ਕੰਘੇ ਨੂੰ ਨਿਆਮਤ ਅਤੇ ਕੀਮਤੀ ਸਮਝਣਾ ਇਕ ਪਾਸੇ, ਤੇ ਦੂਜੇ ਪਾਸੇ ਅਸੀਂ ਐਸੇ ਅਕ੍ਰਿਤਘਣ ਬਣਦੇ ਜਾ ਰਹੇ ਹਾਂ ਕਿ ਜਿਸ ਗੁਰੂ ਪਾਤਸ਼ਾਹ ਨੇ ਆਪਣਾ ਸਾਰਾ ਸਰਬੰਸ, ਮਾਤਾ-ਪਿਤਾ ਸ਼ਹੀਦ ਕਰਵਾ ਕੇ ਸਾਨੂੰ ਆਪਣੇ ਵਰਗੀ ਸ਼ਕਲ ਸੂਰਤ ਦਿਤੀ, ਸਾਡੇ ਵਿਚ ਆਪਣੇ ਵਰਗੇ ਮਹਾਨ ਗੁਣ ਭਰੇ ਸਨ, ਅਜ ਅਸੀਂ ਮਹਾਰਾਜ ਦੀ ਬਖਸ਼ਿਸ਼, ਕੇਸਾਂ ਦੀ ਮਹਾਨਤਾ ਆਪ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕੇ ।

ਅਸੀਂ ਦੂਸਰਿਆਂ ਨੂੰ ਕੇਸਾਂ ਦੀ ਮਹਾਨਤਾ ਕੀ ਦਰਸਾਉਣੀ ਸੀ ਜਦ ਕਿ ਸਾਡੇ ਸੈਂਕੜੇ ਹਜ਼ਾਰਾਂ ਆਪਣੇ ਭੁਲੜ ਵੀਰ, ਸਿੱਖ ਅਖਵਾਉਣ ਵਾਲੇ ਹੀ ਖੁਲ੍ਹਮ-ਖੁਲ੍ਹਾ ਕੇਸਾਂ ਦਾਹੜੀਆਂ ਦੀ ਬੇਅਦਬੀ ਕਰ ਰਹੇ ਹਨ ।

## ਗੁਰੂ ਸਾਹਿਬ ਨੇ ਕਿਹਾ ਸੀ

੨੬ ਜੇਠ ਸੰਮਤ ੧੭੫੬ ਨੂੰ ਜੋ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਾਬਲ ਦੀ ਸੰਗਤ ਨੂੰ ਭੇਜਿਆ ਸੀ ਉਸ

ਦੀ ਨਕਲ ਇਸ ਤਰ੍ਹਾਂ ਹੈ :-

## ੧ੴ ਸਤਿਗੁਰੂ ਜੀ ਸਹਾਇ ॥

ਸਰਬਤ ਸੰਗਤ ਕਾਬਲ ਗੁਰੂ ਰਖੇਗਾ ਤੁਸਾਂ ਉਤੇ ਸਾਡੀ ਬਹੁਤ ਖੁਸ਼ੀ ਹੈ । ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਸਾਡੀ ਮੋਹਰ ਹੈ । ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜ੍ਹਾ ਹੱਥ ਰਖਣਾ । ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ, ਤਮਾਕੂ ਨਾ ਵਰਤਨਾਂ ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਮੇਲਾਪ ਨ ਰਖੇਂ, ਗੁਰਬਾਣੀ ਪੜ੍ਹਨੀ ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਕੀ ਰਹਿਤ ਰਖਣੀ ।

ਇਸ ਹੁਕਮਨਾਮੇ ਵਿਚ ਸਾਰੀਆਂ ਗੱਲਾਂ ਲਗਭਗ ਸਪਸ਼ਟ ਹਨ ਇਸ ਲੇਖ ਦਾ ਵਿਸ਼ਾ ਜੋ ਕੇਸਾਂ ਸਬੰਧੀ ਹੈ, ਉਸ ਦਾ ਜ਼ਿਕਰ ਇਸ ਵਿਚ ਇਹੋ ਹੈ ਕਿ :-

(੧) ਕੇਸਾਂ ਨੂੰ ਗੁਰੂ ਦੀ ਮੋਹਰ ਸਮਝਣਾ ਤੇ ਇਨਾਂ ਨੂੰ ਜਨਮ ਤੋਂ ਜਿਉਂ ਦੇ ਤਿਉਂ ਸਾਬਤ ਰਖਣੇ ਹਨ ।

ਗੁਰੂ ਦੀ ਮੋਹਰ ਦੇ ਸਤਿਕਾਰ ਨੂੰ ਮੁਖ ਰਖਦਿਆਂ ਨੰਗੇ ਸਿਰ ਗਲੀਆਂ ਬਜ਼ਾਰਾਂ 'ਚ ਫਿਰਨਾਂ ਜਾ ਜੰਗਲ ਪਾਣੀ ਨੰਗੇ ਸਿਰ ਜਾਣਾ ਬੜੀ ਵੱਡੀ ਭੁਲ ਹੈ ।

(੨) ਦੋਵੇਂ ਵਕਤ ਕੇਸਾਂ ਦੀ ਪਾਲਣਾ ਕਰਨ ਦਾ ਭਾਵ ਵੀ ਸਪਸ਼ਟ ਹੈ ਕਿ ਸਵੇਰੇ ਸ਼ਾਮ ਕੇਸਾਂ ਨੂੰ ਕੰਘੇ ਨਾਲ ਸਾਫ ਰਖਣਾ ਹੈ । ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਆਪਣੇ ਆਪਣੇ ਕੇਸਾਂ ਵਿਚ ਕੰਘਾ ਮਤਵਾਤਰ ਰੱਖੀਏ ।

ਕੰਘੇ ਨੂੰ ਕੇਸਾਂ ਵਿਚ ਰਖਣ ਦੀ ਪਕਿਆਈ ਲਈ ਹੀ ਇਸ

ਨੂੰ ਕਕਾਰਾਂ ਵਿਚ ਸ਼ਾਮਲ ਕੀਤਾ ਗਿਆ ਹੈ । ਪਰ ਕਈ ਸੁਸਤ ਤੇ ਅਣਜਾਣ ਬੰਦੇ ਕੰਘਾ ਕੇਸਾਂ ਵਿਚ ਨ ਰਖਣ ਕਾਰਨ ਜਦ ਕਦੀ ਬਾਹਰ ਅੰਦਰ ਜਾਂਦੇ ਹਨ ਤਾਂ ਉਥੇ ਦੂਜੇ ਘਰਾਂ ਦੀਆਂ ਕੰਘੀਆਂ ਦੀ ਭਾਲ ਕਰਦੇ ਹਨ । ਭਾਵੇਂ ਉਹ ਕੰਘੀਆਂ ਕਿੰਨੀਆਂ ਗੰਦੀਆਂ ਜਾਂ ਜੂੰਆਂ ਜਾਂ ਸੀਕਰੀ (ਕਰ) ਜਾਂ ਖਾਰਸ਼ ਅਤੇ ਫੋੜ੍ਹੇ ਫਿਨਸੀ ਵਾਲੇ ਸਿਰਾਂ ਵਿਚ ਫਿਰਨ ਵਾਲੀਆਂ ਹੋਣ ।

ਜਿਸ ਦੇ ਕਰਨ ਨਾਲ ਨਰੋਏ ਸਿਰਾਂ ਵਾਲਿਆਂ ਨੂੰ ਖਾਰਸ਼ ਫੋੜ੍ਹੇ, ਸੀਕਰੀ ਆਦਿ ਛੂਤ ਦੇ ਰੋਗ ਹੋ ਸਕਦੇ ਹਨ । ਇਸ ਕਰਕੇ ਵੀ ਸਾਨੂੰ ਸਿਖ ਵੀਰਾਂ ਭੈਣਾਂ ਨੂੰ ਆਪਣਾ ਕੰਘਾ ਨਵੇਕਲਾ ਆਪਣੇ ਕੇਸਾਂ ਵਿਚ ਹਮੇਸ਼ਾਂ ਰੱਖਣਾ ਚਾਹੀਦਾ ਹੈ; ਕਿਸੇ ਦਾ ਵਰਤਿਆ ਕੰਘਾ ਕੰਘੀ ਨਹੀਂ ਵਰਤਣੀ ਚਾਹੀਦੀ ।

(੩) ਭਾਦਨੀ ਦਾ ਮਤਲਬ ਹੈ- ਸਿਰ ਮੂੰਹ ਮੁਨਾਉਣ ਵਾਲਾ । ਕੇਸ ਦਾਹੜ੍ਹੀ ਮੁੰਨਣ ਜਾਂ ਕਤਰਨ ਵਾਲੇ ਨਾਲ ਮੇਲ ਮਿਲਾਪ ਨਾ ਰਖਣ ਦਾ ਭਾਵ ਵੀ ਸਪਸ਼ਟ ਹੈ ਗੁਰੂ ਜੀ ਐਸੇ ਸਿਖ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਜੋ ਸਿੱਖ ਵੀ ਅਖਵਾਏ ਅਤੇ ਰਹਿਤ ਦੇ ਮੁਢਲੇ ਅਤੇ ਜ਼ਰੂਰੀ ਅਸੂਲ ਵੀ ਨਾ ਅਪਣਾਏ । ਅਰਥਾਤ ਕੇਸ ਦਾਹੜ੍ਹੀ ਸਾਬਤ ਨਾ ਰਖੇ ।

(੪) ਆਪਣੇ ਬਚਿਆਂ ਨੂੰ ਛੋਟੀ ਉਮਰ ਤੋਂ ਸਿਰ ਢਕ ਕੇ ਰਖਣ ਦੀ ਆਦਤ ਪਾਓ । ਨਕ ਪੂੰਝਣ ਵਰਗੇ ਛੋਟੇ ਰੁਮਾਲ ਬੰਨ ਦੇਣ ਨਾਲ ਸਿਰ ਦੇ ਆਲੇ ਦੁਆਲੇ ਦੇ ਛੋਟੇ ਛੋਟੇ ਕੇਸ ਖਿਲਰ ਜਾਣ ਕਾਰਨ ਚੰਗੇ ਨਹੀਂ ਲਗਦੇ । ਇਸ ਲਈ ਪੰਜਵੀਂ ਜਮਾਤ ਤਕ ਦੇ ਬੱਚਿਆਂ ਨੂੰ ਪੂਰਾ ਸਿਰ ਢਕਣ ਵਾਲੇ ਰੁਮਾਲ ਬੰਨ੍ਹੋ ਅਤੇ ਉਸ ਤੋਂ ਵੱਡਿਆਂ ਨੂੰ ਦਸਤਾਰ ਸਜਾਉਣ ਦੀ ਆਦਤ ਪਾਓ ।

# ਹਜ਼ੂਰੀ ਕਵੀ

ਗੁਰੂ ਮਹਾਰਾਜ ਦੇ ਦਰਬਾਰੀ ਕਵੀ ਅਤੇ ਅਨਿੰਨ ਸਿੱਖ ਭਾ: ਨੰਦ ਲਾਲ ਸਿੰਘ ਜੀ ਜਿਥੇ ਗੁਰੂ ਪਾਤਸ਼ਾਹ ਦੇ ਇਕ ਇਕ ਸੁੰਦਰ ਵਾਲ ਤੋਂ ਦੋਵੇਂ ਦੁਨੀਆਂ (ਲੋਕ ਤੇ ਪ੍ਰਲੋਕ) ਕੁਰਬਾਨ ਕਰਦੇ ਹੋਏ ਲਿਖਦੇ ਹਨ :

**ਹਰ ਦੋ ਆਲਮ ਕੀਮਤੇ,**
**ਯਕ ਤਾਰ ਮੂਏ ਯਾਰਿ ਮਾ ।**

ਉਥੇ 'ਤਨਖਾਹ ਨਾਮੇਂ' ਵਿਚ ਗੁਰੂ ਸਾਹਿਬ ਦਾ ਸਿੱਖਾਂ ਪ੍ਰਤੀ ਫੁਰਮਾਨ ਇਸ ਤਰ੍ਹਾਂ ਲਿਖਦੇ ਹਨ :–

**ਕੰਘਾ ਦੋਨੋਂ ਵਕਤ ਕਰ,**
**ਪਾਗ ਚੁਨੇ ਕਰ ਬਾਂਧਈ ।**

ਇਸ ਦਾ ਭਾਵ ਵੀ ਸਪਸ਼ਟ ਹੈ ਕਿ ਸਿੱਖ ਨੇ ਦੋਵੇਂ ਵੇਲੇ ਕੇਸਾਂ ਨੂੰ ਕੰਘਾ ਕਰਨਾ ਹੈ । ਪਰ ਇਹ ਤਾਂ ਹੀ ਹੋ ਸਕੇਗਾ ਜੇ ਉਸਨੇ ਆਪਣੇ ਕੇਸਾਂ ਵਿਚ ਕੰਘਾ ਰਖਿਆ ਹੋਵੇਗਾ।

ਪਗ ਚੁੰਨ ਕੇ ਬੰਨ੍ਹਣ ਦਾ ਵੀ ਮਤਲਬ ਸਾਫ ਹੈ ਕਿ ਸਿੱਖ ਨੇ ਇਕ ਇਕ ਲੜ੍ਹ ਕਰਦੇ ਪੱਗ ਉਤਾਰਨੀ ਹੈ ਤੇ ਹਰ ਵਾਰ ਇਕ ਇਕ ਲੜ੍ਹ ਕਰਕੇ ਦਸਤਾਰ ਸਜਾਉਣੀ ਹੈ । ਦਸਤਾਰ (ਪੱਗ) ਨੂੰ ਮਾਵਾ ਲਾ ਕੇ ਇਕ ਦਿਨ ਬੰਨ੍ਹ ਲੈਣ ਤੇ ਫਿਰ ਟੋਪ ਦੀ ਤਰ੍ਹਾਂ ਉਤਾਰਨੀ ਤੇ ਕਈ ਕਈ ਦਿਨ ਉਸੇ ਨਾਲ ਕੰਮ ਸਾਰਨਾ ਠੀਕ ਨਹੀਂ। ਇਹ ਸੁਸਤੀ ਢਿਲੜ੍ਹਪੁਣੇ ਦੀ ਵਡੀ ਨਿਸ਼ਾਨੀ ਹੈ ।

ਗੁਰੂ ਜੀ ਦੇ ਦਰਬਾਰ ਦੇ ਪ੨ ਕਵੀਆਂ ਵਿਚੋਂ ਕਵੀ ਸੈਨਾਪਤਿ (ਸੈਨਾ ਸਿੰਘ) ਐਸੇ ਸਨ, ਜਿਨ੍ਹਾਂ ਨੇ ਖਾਲਸਾ ਸਾਜਣ ਦਾ ਦ੍ਰਿਸ਼ ਜਿਥੇ

ਆਪਣੀਆਂ ਅੱਖਾਂ ਨਾਲ ਵੇਖਿਆ ਉਥੇ ਗੁਰੂ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਆਪਣੇ ਕੰਨੀਂ ਸੁਣ ਪੁਸਤਕ 'ਗੁਰਸੋਭਾ' ਵਿਚ ਲਿਖਿਆ ਵੀ ਹੈ । ਉਹ ਗੁਰੂ ਸਾਹਿਬ ਦੇ ਉਸ ਵੇਲੇ ਦਿਤੇ ਉਪਦੇਸ਼ਾਂ ਵਿਚੋਂ ਦੋ ਪੰਗਤੀਆਂ ਇਸ ਤਰ੍ਹਾਂ ਲਿਖਦੇ ਹਨ :-

**ਹੁਕਾ ਨਾ ਪੀਵੈ, ਸੀਸ ਦਾੜ੍ਹੀ ਨ ਮੁੰਡਾਵੈ,**
**ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ ।**

# ਭੁਲੇਖਾ ਨਾ ਰਵੇ

ਇਹ ਭੁਲੇਖਾ ਨ ਰਵੇ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਕੇਵਲ ਦਸਵੇਂ ਗੁਰੂ ਜੀ ਨੇ ਹੀ ਦਿਤਾ ਸੀ ।

ਗਿਆਨ ਰਤਨਾਵਲੀ ਵਿਚ ਭਾ: ਸਾਹਿਬ ਮਨੀ ਸਿੰਘ ਜੀ ਸ਼ਹੀਦ ਲਿਖਦੇ ਹਨ ਕਿ ਜਦ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੀ ਆਗਿਆ ਮੰਨ ਕੇ ਪ੍ਰਚਾਰ ਦੋਰਿਆਂ ਲਈ ਪਹਿਲੀ ਵਾਰ ਤੁਰਨ ਲਗੇ ਤਾਂ ਗੁਰੂ ਪਾਤਸ਼ਾਹ ਤੋਂ ਭਾਈ ਮਰਦਾਨਾ ਜੀ ਨੇ ਉਪਦੇਸ਼ ਮੰਗਿਆ, ਤਾਂ ਸਾਹਿਬਾਂ ਨੇ ਕਿਹਾ ਸੀ :-

(੧) **ਕੇਸ ਨਹੀਂ ਕਟਾਉਣੇ ।**
(੨) **ਪਿਛਲੀ ਰਾਤ ਉਠ ਕੇ ਪ੍ਰਭੂ ਦਾ ਨਾਮ ਜਪਣਾ**
(੩) **ਆਏ ਗਏ ਭਲੇ ਪੁਰਸ਼ ਦੀ ਸੇਵਾ ਕਰਨੀ ।**

ਇਥੇ ਹੀ ਬੱਸ ਨਹੀਂ, ਧਰਮੀ ਹਕੀਕਤ ਰਾਏ (ਸ਼ਹੀਦ) ਜੀ ਦੇ ਦਾਦਾ ਭਾ: ਨੰਦ ਲਾਲ ਜੀ ਪੁਰੀ ਜਦ ਸਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਪਾਸ ਦਰਸ਼ਨ ਕਰਨ ਲਈ ਪਿੰਡ ਗਲੋਟੀਆਂ ਖੁਰਦ

ਆਏ ਤਾਂ ਉਪਦੇਸ਼ ਮੰਗਣ ਤੇ ਮਹਾਰਾਜ ਨੇ ਇਹ ਕਿਹਾ ਸੀ :-

(੧) ਕੇਸ ਨਹੀਂ ਕਟਵਾਉਣੇ ।

(੨) ਤੰਬਾਕੂ ਨਹੀਂ ਪੀਣਾ ।

(੩) ਟੋਪੀ ਨਹੀਂ ਪਹਿਨਣਾ ।

ਇਸ ਤਰ੍ਹਾਂ ਇਤਿਹਾਸ ਵਿਚ ਕਈ ਹੋਰ ਵੀ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਕੇਸ ਦਾੜ੍ਹੀ ਸਾਬਤ ਰਖਣ ਦਾ ਹੁਕਮ ਪਹਿਲੇ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਿਆ ਸੀ ਅਤੇ ਗੁਰਬਾਣੀ ਵਿਚ ਵੀ 'ਕੇਸ' ਸ਼ਬਦ ਦੀ ਵਰਤੋਂ ਅਨੇਕ ਵਾਰ ਕੀਤੀ ਗਈ ਮਿਲਦੀ ਹੈ। ਗੁਰੂ ਕਾਲ ਦੇ ਸਿਖ ਇਤਿਹਾਸ ਵਿਚ ਕਿਧਰੇ ਵੀ ਕੋਈ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਸਿੱਖ ਨੇ ਦਾੜ੍ਹੀ ਜਾਂ ਕੇਸਾਂ ਦੀ ਬੇਅਦਬੀ ਕੀਤੀ ਹੋਵੇ । ਕੇਸਾਂ ਨੂੰ ਸਾਬਤ ਸੂਰਤ ਰਖਣ ਦੀ ਖਾਤਰ ਜਾਨ ਤਕ ਨਿਛਾਵਰ ਕਰ ਦੇਣਾ, ਖੋਪਰੀਆਂ ਲੁਹਾ ਦੇਣ ਦਾ ਜ਼ਿਕਰ ਇਤਿਹਾਸ ਵਿਚ ਅੰਕਿਤ ਹੈ। ਦਸਮੇਸ਼ ਜੀ ਨੇ ਕੇਸਾਂ ਦੀ ਬੇਅਦਬੀ ਨੂੰ ਕੁਰਹਿਤ ਵਿਚ ਸ਼ਾਮਲ ਕੀਤਾ ਹੈ ।

ਯਾਦ ਰਹੇ ਕਿ ਕੁਰਹਿਤ ਕਰਨ ਵਾਲਾ ਸਿੱਖ, ਸਿੱਖ ਨਹੀਂ ਰਹਿੰਦਾ ਸਗੋਂ ਪਤਿਤ ਹੋ ਜਾਂਦਾ ਹੈ ਅਤੇ ਸਿੱਖੀ ਦਾਇਰੇ ਤੋਂ ਖਾਰਜ ਸਮਝਿਆ ਜਾਂਦਾ ਹੈ ।

## ਸਭ ਤੋਂ ਸੋਹਣਾ ਮਨੁੱਖ

ਸੰਸਾਰ ਭਰ ਦੀ ਕੇਂਦਰੀ ਜਮਾਤ (ਯੂ. ਐਨ. ਓ.) ਨੂੰ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਮਹਾਨ ਗੁਰ ਉਪਦੇਸ਼ਾਂ ਬਾਰੇ ਸੋਝੀ ਹੋਈ ਤਾਂ ਉਸ ਨੇ ਇਸ ਵਿਚੋਂ ਕੁਝ ਖਾਸ ਬਾਣੀਆਂ ਦਾ ਉਲੱਥਾ

ਐਂਗਰੇਜ਼ੀ ਅਤੇ ਕਈ ਹੋਰ ਬੋਲੀਆਂ ਵਿਚ ਛਪਵਾਇਆ ।

ਇਸ ਗ੍ਰੰਥ ਦੇ ਤਿਆਰ ਹੋਣ ਤੇ ਇਸ ਦਾ ਮੁੱਖਬੰਧ ਲਿਖਣ ਲਈ ਅਮਰੀਕਾ ਦੇ ਪ੍ਰਸਿਧ ਖੋਜੀ ਇਤਿਹਾਸਕਾਰ ਮਿਸਟਰ ਤਿਆਨਬੀ ਨੂੰ ਚੁਣਿਆ ਗਿਆ ।

ਯਾਦ ਰਵੇ ਕਿ ਇਹ ਮਹਾਨ ਵਿਦਵਾਨ ਖੋਜੀ ਵੀਹਵੀਂ ਸਦੀ ਦਾ ਇਕੋ ਇਕ ਲੋਕ ਪ੍ਰਿਯ ਲਿਖਾਰੀ ਰਿਹਾ ਹੈ ਜਿਸ ਨੇ ਸਾਰੀ ਮਨੁੱਖਤਾ ਦਾ ਇਤਿਹਾਸ ੨੦ ਜਿਲਦਾਂ ਵਿਚ ਲਿਖਿਆ ਹੈ ।

ਇਕ ਵਾਰ ਇਕ ਅਮਰੀਕਨ ਔਰਤ ਨੇ ਇਸ ਵਿਦਵਾਨ ਲੇਖਕ ਮਿ: ਤਿਆਨਬੀ ਤੋਂ ਪੁਛਿਆ ਕਿ ਤੁਸੀ ਸੰਸਾਰ ਦੇ ਸਾਰੇ ਲੋਕਾਂ ਬਾਰੇ ਲਿਖਿਆ ਹੈ, ਇਕ ਇਕ ਫਿਰਕੇ ਤੇ ਇਕ ਇਕ ਜ਼ਾਤ ਦੇ ਬੰਦੇ ਨੂੰ ਮਿਲੇ ਹੋ, ਉਨ੍ਹਾਂ ਦੀਆਂ ਰੀਤਾਂ ਰਿਵਾਜ ਤੇ ਹੋਰ ਧਾਰਮਕ ਫਲਸਫੇ ਨੂੰ ਜਾਣਿਆ, ਸਮਝਿਆ ਤੇ ਸੋਚ ਕੇ ਲਿਖਿਆ ਹੈ । ਸੋ ਇਸ ਤਜਰਬੇ ਦੇ ਅਧਾਰ ਤੇ ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਦੁਨੀਆ ਵਿਚ ਸਭ ਤੋਂ ਸੁਹਣਾ ਮਨੁੱਖ ਕੋਣ ਹੈ ?

ਮਿਸਟਰ ਤਿਆਨਬੀ ਨੇ ਪਟੱਕ ਜਵਾਬ ਦਿਤਾ, "ਖੁਲ੍ਹੀ ਦਾੜ੍ਹੀ ਵਾਲਾ ਪੂਰਨ-ਗੁਰਸਿੱਖ ।"

ਔਰਤ ਸੁਣ ਕੇ ਹੈਰਾਨ ਰਹਿ ਗਈ ਤੇ ਨਾਲ ਲਗਦਿਆਂ ਉਸ ਦੂਸਰਾ ਸਵਾਲ ਕਰਦਿਆਂ ਇਹ ਵੀ ਪੁਛਿਆ ਕਿ ਇਹ ਵੀ ਦਸ ਦਿਓ ਕਿ ਦੁਨੀਆ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ ?

ਮਿ: ਤਿਆਨਬੀ ਨੇ ਪਹਿਲੇ ਉਤਰ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਦਿਆਂ ਕਿਹਾ, "ਉਹ ਸਿੱਖ ਜਿਸ ਨੇ ਕੇਸ ਦਾਹੜੀ ਮੁੰਨੀ ਹੋਵੇ ।"

# ਦੂਸਰੇ ਕੀ ਸੋਚਦੇ ਹਨ ?

ਕੁਝ ਸਾਲ ਹੋਏ ਸਰਦੀਆਂ ਦੇ ਸ਼ੁਰੂ ਵਿਚ ਇਕ ਸਿੱਖ ਨੌਜਵਾਨ ਇੰਗਲੈਂਡ ਦੇਸ਼ ਦੇ ਇਕ ਸ਼ਹਿਰ ਬਰਮਿੰਘਮ ਦੇ ਇਕ ਕਾਰਖਾਨੇ ਵਿਚ ਨੌਕਰੀ ਲਈ ਗਿਆ, ਇਸ ਕਾਰਖਾਨੇ ਦਾ ਵੱਡਾ ਅਫਸਰ (ਡਾਇਰੈਕਟਰ) ਭਾਰਤ ਵਿਚ ਅਜ਼ਾਦੀ ਤੋਂ ਪਹਿਲਾਂ ਮਿਲਟਰੀ ਵਿਚ ਲੈਫਟੀਨੈਂਟ, ਕਪਤਾਨ ਤੇ ਹੋਰ ਉਚ ਪਦਵੀਆਂ ਤੇ ਕੰਮ ਕਰ ਚੁੱਕਾ ਸੀ। ਕੁਦਰਤ ਨਾਲ ਸਿੱਖ ਪਲਟਨਾਂ ਵਿਚ ਹੀ ਅਫਸਰ ਲੱਗਾ ਰਹਿਣ ਕਾਰਨ ਸਿਖਾਂ ਬਾਰੇ ਬਹੁਤ ਕੁਝ ਜਾਣਦਾ ਸੀ ਅਤੇ ਦਿਲੋਂ ਸਤਿਕਾਰ ਵੀ ਕਰਦਾ ਸੀ ।

ਉਹ ਡਾਇਰੈਕਟਰ ਸਿੱਖ ਨੌਜਵਾਨ ਦੀ ਸੋਹਣੀ ਕੇਸ ਦਾਹੜ੍ਹੀ ਵਾਲੀ ਸ਼ਕਲ-ਸੂਰਤ ਅਤੇ ਕਦ-ਕਾਠ ਵੇਖ ਕੇ ਜਿਥੇ ਬਹੁਤ ਖੁਸ਼ ਹੋਇਆ ਉਥੇ ਉਸ ਦੇ ਭਰੋਸਾ ਦਿਵਾਉਣ ਉਤੇ ਕਿ, ਉਹ ਨੇਕੀ-ਨੀਤੀ ਤੇ ਲਗਨ ਨਾਲ ਕੰਮ ਕਰੇਗਾ, ਡਾਇਰੈਕਟਰ ਨੇ ਉਸ ਨੂੰ ਨੌਕਰੀ ਉਤੇ ਲਾ ਲਿਆ ।

ਫੈਕਟਰੀ (ਕਾਰਖਾਨੇ) ਵਿਚ ਕੰਮ ਕਰਦਿਆਂ ਉਸ ਸਿਖ ਨੂੰ ਕੁਝ ਮਹੀਨੇ ਹੀ ਹੋਏ ਸਨ ਕਿ ਉਹ ਭੈੜੀ ਸੰਗਤ (ਸੁਸਇਟੀ) ਵਿਚ ਪੈ ਗਿਆ ਅਤੇ ਕੇਸ ਦਾਹੜੀ ਕਤਲ ਕਰਵਾ ਦਿਤੇ । ਇਸ ਤਰ੍ਹਾਂ ਦਸਤਾਰ ਦੀ ਥਾਂ ਤੇ ਟੋਪ (ਹੈਟ) ਪਾਉਣ ਲਗ ਪਿਆ ।

ਅੰਗਰੇਜ਼ ਅਫਸਰ (ਡਾਇਰੈਕਟਰ) ਨੇ ਜਦ ਉਸ ਨੂੰ ਇਸ ਨਵੇਂ ਰੂਪ ਵਿਚ ਦੇਖਿਆ ਤਾਂ ਉਹ ਉਸਨੂੰ ਕੁਝ ਕਹਿਣਾ ਚਾਹੁੰਦਾ ਸੀ, ਪਰ ਕਹਿਣ ਤੋਂ ਰੁਕ ਗਿਆ ।

ਕ੍ਰਿਸਮਿਸ ਦੇ ਦਿਨਾਂ ਨੂੰ ਉਹ ਲੋਕ ਵੱਡਾ ਦਿਨ ਕਹਿੰਦੇ ਹਨ ।

ਇਹ ਦਿਨ ਅੰਗਰੇਜ਼ਾਂ ਦਾ ਤਿਉਹਾਰ ਵਾਲਾ ਦਿਨ ਹੁੰਦਾ ਹੈ। ਕਾਰਖਾਨੇ ਦੇ ਲਗਭਗ ਸਾਰੇ ਕਰਮਚਾਰੀ ਇਸ ਦਿਨ ਆਪਣੇ ਅਫਸਰਾਂ ਨੂੰ ਵਧਾਈ ਦੇਣ ਅਤੇ ਕੁਝ ਤੋਹਫਾ (ਸੁਗਾਤ) ਦੇਣ ਜਾਂਦੇ ਹਨ।

ਇਸ ਦਿਨ ਉਹ ਪਤਿਤ (ਸਿਖ) ਵੀ ਆਪਣੇ ਸਾਥੀਆਂ ਨਾਲ ਡਾਇਰੈਕਟਰ ਦੀ ਕੋਠੀ ਉਸ ਨੂੰ ਵਧਾਈ ਅਤੇ ਤੋਹਫਾ ਆਦਿ ਦੇਣ ਲਈ ਗਿਆ। ਡਾਇਰੈਕਟਰ ਨੇ ਵਾਰੀ ਵਾਰੀ ਸਭ ਨਾਲ ਹੱਥ ਮਿਲਾਏ ਅਤੇ ਫੁਲਾਂ ਆਦਿ ਦੇ ਤੋਹਫੇ ਲੈ ਲਏ, ਪਰ ਜਦ ਉਸ ਪਤਿਤ ਨੌਜਵਾਨ ਦੀ ਵਾਰੀ ਆਈ ਤਾਂ ਡਾਇਰੈਕਟਰ ਨੇ ਉਸ ਨੂੰ ਕਿਹਾ ਕਿ ਮੈਂ ਤੇਰੇ ਕੋਲੋਂ ਵਧਾਈ ਨਹੀਂ ਲੈ ਸਕਦਾ, ਮੈਂ ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ ਜੋ ਫਿਰ ਕਰਾਂਗਾ।

ਸੁਣਨ ਵਾਲੇ ਹੋਰ ਕਰਮਚਾਰੀ ਵੀ ਹੈਰਾਨ ਸਨ ਅਤੇ ਸੋਚਦੇ ਸਨ ਕਿ ਪਤਾ ਨਹੀਂ ਕੀ ਗੱਲ ਹੈ ?

ਦੂਸਰੇ ਦਿਨ ਨੌਜਵਾਨ ਆਪ ਹੌਸਲਾ ਕਰਕੇ ਫੈਕਟਰੀ ਦੇ ਦਫਤਰ ਵਿਚ ਡਾਇਰੈਕਟਰ ਨੂੰ ਜਾ ਮਿਲਿਆ ਅਤੇ ਨਿਮੋਝੂਣਾ ਹੋਇਆ ਬੜੀ ਨਿਮ੍ਰਤਾ ਨਾਲ ਪੁਛਣ ਲੱਗਾ ਕਿ ਸ੍ਰੀ ਮਾਨ ਜੀ ! ਮੇਰੇ ਕੋਲੋਂ ਕਿਹੜੀ ਗਲਤੀ ਹੋ ਗਈ ਹੈ ਜੋ ਕਲ੍ਹ ਤੁਸੀਂ ਮੇਰੀ ਵਧਾਈ ਅਤੇ ਫੁਲ ਪ੍ਰਵਾਨ ਨਹੀਂ ਕੀਤੇ ? ਮੈਂ ਸਾਰੀ ਰਾਤ ਸੌਂ ਨਹੀਂ ਸਕਿਆ। ਜੇ ਮੇਰੇ ਕੋਲੋਂ ਕੋਈ ਗਲਤੀ ਹੋ ਗਈ ਹੈ ਤਾਂ ਮੈਨੂੰ ਮਾਫ ਕਰ ਦਿਓ, ਪਰ ਮੈਨੂੰ ਦਸ ਜ਼ਰੂਰ ਦਿਓ ਤਾਂ ਜੋ ਮੈਂ ਉਹ ਗਲਤੀ ਅਗੋਂ ਨਾ ਕਰਾਂ।

ਡਾਇਰੈਕਟਰ ਨੇ ਪਿਆਰ ਅਤੇ ਰੋਹਬ ਨਾਲ ਕੁਝ ਇਸ ਤਰ੍ਹਾਂ ਆਖਿਆ :-

"ਮਿਸਟਰ ਸਿੰਘ ! ਮੈਂ ਕਈ ਸਾਲ ਸਿੱਖ ਫੌਜੀ ਜਵਾਨਾਂ ਦਾ ਅਫਸਰ ਰਿਹਾ ਹਾਂ, ਜਿਸ ਕਰਕੇ ਸਿੱਖਾ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾ

ਹਾਂ ਕਿ ਉਹੋ ਸਿਖ ਨੇਕ, ਈਮਾਨਦਾਰ ਅਤੇ ਬਹਾਦਰ ਹੋ ਸਕਦੇ ਹਨ ਜੋ ਆਪਣੇ ਧਰਮ ਵਿਚ ਪੱਕੇ ਹੋਣਗੇ। ਨੌਕਰੀ ਲੱਗਣ ਵਾਲੇ ਦਿਨ ਤੂੰ ਵਚਨ ਦਿਤਾ ਸੀ ਕਿ ਸੱਚਾ ਰਹਿ ਕੇ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰੇਂਗਾ। ਪਰ ਮੈਂ ਤੈਨੂੰ ਬਦਲੇ ਹੋਏ ਰੂਪ ਵਿਚ ਵੇਖ ਕੇ ਮਹਿਸੂਸ ਕਰਦਾ ਹਾਂ ਕਿ ਜਦ ਤੂੰ ਆਪਣੇ ਧਰਮ ਵਿਚ ਹੀ ਪੱਕਾ ਨਹੀਂ ਰਿਹਾ ਤਾਂ ਹੁਣ ਕੀਤੇ ਬਚਨ ਨਿਭਾਉਣ ਵਿਚ ਕਿਸ ਤਰ੍ਹਾਂ ਪੱਕਾ ਰਹਿ ਸਕਦਾ ਹੈ ? ਇਹ ਮੈਨੂੰ ਸ਼ੱਕ ਹੈ।"

ਦੂਜੀ ਗੱਲ ਜਿਹੜਾ ਆਦਮੀ ਆਪਣੇ ਧਰਮ ਵਿਚ ਪੱਕਾ ਨਹੀਂ ਉਸ ਨੂੰ ਇਹ ਚੰਗਾ ਨਹੀਂ ਲਗਦਾ ਕਿ ਉਹ ਦੂਜੇ ਦੇ ਧਾਰਮਕ ਤਿਉਹਾਰ ਉਤੇ ਆ ਕੇ ਵਧਾਈ ਦੇਵੇ। (ਜਿਸ ਤਰ੍ਹਾਂ ਤੂੰ ਮੈਨੂੰ ਕਲ੍ਹ ਕ੍ਰਿਸਮਿਸ ਦਿਨ ਉਤੇ ਵਧਾਈ ਦੇਣ ਆਇਆ ਸੀ।)

ਡਾਇਰੈਕਟਰ ਦੀਆਂ ਇਹ ਗੱਲਾ ਸੁਣ ਕੇ ਜਵਾਨ ਸ਼ਰਮ ਨਾਲ ਪਾਣੀ ਪਾਣੀ ਹੋ ਰਿਹਾ ਸੀ ਅਤੇ ਸਿਰ ਨੀਵਾਂ ਕਰਕੇ ਸਭ ਕੁਝ ਸੁਣੀ ਜਾ ਰਿਹਾ ਸੀ। ਡਾਇਰੈਕਟਰ ਦੀ ਇਕ ਇਕ ਗੱਲ ਉਸ ਦੇ ਮਨ ਵਿਚ ਖੁਭਦੀ ਜਾ ਰਹੀ ਸੀ। ਆਖਰ ਉਸ ਨੇ ਹੌਸਲਾ ਕਰਕੇ ਕਿਹਾ –

"ਸ੍ਰੀ ਮਾਨ ਜੀ ! ਮੈਨੂੰ ਮਾਫ ਕਰ ਦਿਓ। ਮੈਂ ਬਹੁਤ ਸ਼ਰਮਿੰਦਾ ਹਾਂ।"

ਡਾਇਰੈਕਟਰ ਨੇ ਉਸ ਜਵਾਨ ਦੀ ਗੱਲ ਪੂਰੀ ਨਾ ਹੋਣ ਦਿਤੀ ਅਤੇ ਵਿਚੋਂ ਹੀ ਟੋਕ ਕੇ ਕਿਹਾ ਜੇ ਤੂੰ ਸਚਮੁਚ ਸ਼ਰਮਿੰਦਾ ਏ ਤਾਂ ਜਾਹ ਜਦ ਮੈਨੂੰ ਮੁੜ ਕੇ ਮਿਲੇਂ ਤਾਂ ਆਪਣੇ ਪੂਰਨ ਰੂਪ ਵਿਚ ਹੀ ਮਿਲੀਂ।

ਅਗਲੇ ਸਾਲ ਸਰਦੀਆਂ ਵਿਚ ਕ੍ਰਿਸਮਿਸ ਦੇ ਮੌਕੇ ਉਤੇ ਜਦੋਂ ਸਾਰੇ ਕਰਮਚਾਰੀ ਮੁੜ ਉਸ ਡਾਇਰੈਕਟਰ ਨੂੰ ਵਧਾਈ ਅਤੇ ਫੂਲ

ਆਦਿ ਤੋਹਫੇ ਭੇਟ ਕਰਨ ਗਏ ਤਾਂ ਉਹ ਸਿੱਖ ਜਵਾਨ ਸਿੱਖੀ ਰੂਪ ਵਿਚ ਉਨ੍ਹਾਂ ਵਿਚ ਸ਼ਾਮਲ ਸੀ ।

ਡਾਇਰੈਕਟਰ ਨੇ ਅੱਗੇ ਹੋ ਕੇ ਸਭ ਤੋਂ ਪਹਿਲਾਂ ਉਸ ਨਾਲ ਹੱਥ ਮਿਲਾਇਆ ਅਤੇ ਪਿੱਠ ਉਤੇ ਥਾਪੜਾ ਦੇ ਕੇ ਆਖਿਆ ਮਿਸਟਰ ਸਿੰਘ ! ਮੈਂ ਤੇਰੇ ਕੋਲੋਂ ਦੂਹਰੀ ਵਧਾਈ ਲੈਣੀ ਹੈ । ਐਤਕਾਂ ਦੀ ਵੀ ਅਤੇ ਪਿਛਲੇ ਸਾਲ ਦੀ ਵੀ । ਮੈਂ ਬਹੁਤ ਖੁਸ਼ ਹਾਂ ਕਿ ਤੂੰ ਆਪਣੇ ਧਰਮ ਵਿਚ ਮੁੜ ਪੱਕਾ ਹੋ ਗਿਆ ਹੈ ।

ਸਿੱਖ ਨੌਜਵਾਨ ਦੇ ਚਿਹਰੇ ਉਤੇ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ ।

ਇਹੋ ਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦੂਜੀਆਂ ਕੌਮਾਂ ਵਿਚ ਸਿਖੀ ਬਾਰੇ ਕਿਤਨੀ ਸ਼ਰਧਾ ਅਤੇ ਕਿਨਾ ਸਤਿਕਾਰ ਹੈ ।

★★★★★

# ਕੰਡਕਟਰ ਦੀ ਦਲੀਲ

ਬਸ, ਆਪਣੇ ਅੱਡੇ ਤੇ ਖੜੋਤੀ ਸਵਾਰੀਆਂ ਲੈ ਰਹੀ ਸੀ। ਇਕ ਸੋਹਣਾ ਸੁਣੱਖਾ ਜਵਾਨ ਸਿਖ, ਸਾਫ ਸੁਥਰੇ ਪਹਿਰਾਵੇ ਵਾਲਾ ਇਕ ਸੀਟ ਤੇ ਆ ਬੈਠਾ। ਉਹਦੀ ਸੋਹਣੀ ਦਸਤਾਰ ਅਤੇ ਮੁਖੜੇ ਤੇ ਸੁੰਦਰ ਦਾਹੜਾ, ਉਸ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਕਿਸੇ ਚੰਗੇ ਅਮੀਰ ਅਤੇ ਖ਼ਾਨਦਾਨੀ ਪੁਰਸ਼ ਹੋਣ ਦਾ ਪ੍ਰਭਾਵ ਪਾਉਂਦੀ ਸੀ।

ਉਸ ਦੀ ਸੀਟ ਦੇ ਨਾਲ ਹੀ ਉਸ ਵਰਗੇ ਨੈਣ ਨਕਸ਼ਾਂ ਵਾਲਾ ਇਕ ਹੋਰ ਬੰਦਾ ਬੈਠਾ ਹੋਇਆ ਸੀ, ਜਿਸ ਦੇ ਕਟੇ ਹੋਏ ਦਾਹੜੇ ਦੇ ਸੂਲਾਂ ਵਰਗੇ ਨਵੇਂ ਨਿਕਲੇ ਛੋਟੇ ਛੋਟੇ ਰੋਮ (ਵਾਲ) ਉਚੇ ਹੋ ਰਹੇ ਸਨ।

ਇਤਨੇ ਨੂੰ ਇਕ ਹੋਰ ਸਿਖ ਬਸ ਵਿਚ ਚੜ੍ਹ ਆਇਆ। ਉਸ ਨੇ ਉਨ੍ਹਾਂ ਦੋਹਾਂ ਨੂੰ ਸਤਿ ਸ੍ਰੀ ਅਕਾਲ ਆਖੀ ਅਤੇ ਕਟੇ ਹੋਏ ਦਾਹੜੇ ਵਾਲੇ ਨੂੰ ਦੋਸਤ ਹੋਣ ਦੇ ਨਾਤੇ ਵਿਚ ਕਿਹਾ :–

'ਰੂੜ ਸਿੰਹਾਂ ! ਤੂੰ ਤਾਂ ਯਾਰ ਹੁਣ ਪਛਾਣਿਆਂ ਹੀ ਨਹੀਂ ਜਾਂਦਾ ?'

'ਪਰ, ਫਿਰ ਤੂੰ ਮੈਨੂੰ ਪਛਾਣ ਕਿਵੇਂ ਲਿਆ ?' ਅਗੋਂ ਉਸ ਨੇ ਪੁਛਿਆ।

'ਇਕੱਠੇ ਖੇਡ ਕੇ ਵਡੇ ਹੋਏ ਹੋਏ ਦੋਸਤ ਪਛਾਣ ਖੁਣੋ ਤਾਂ ਨਹੀਂ ਨ ਰਹਿ ਜਾਂਦੇ ਹੁੰਦੇ। ਪਛਾਣ ਤਾਂ ਤੈਨੂੰ ਲਿਆ ਹੈ ਪਰ ਅਗੇ ਤੂੰ ਦਾਹੜ੍ਹਾ ਕਟਣੋਂ ਹਟਦਾ ਨਹੀਂ ਸੀ ਪਰ ਹੁਣ ਇਹ ਦਾਹੜਾ ਰਖਣਾ ਕਿਸ ਤਰ੍ਹਾਂ ਸ਼ੁਰੂ ਕਰ ਲਿਆ ਹੈ ?'

'ਇਸ ਬਾਰੇ ਤੂੰ ਕੁਝ ਨਾ ਪੁਛ ਮੈਥੋਂ। ਬਹਿ ਜਾ ਏਥੇ ਮੇਰੇ

ਕੋਲ । ਰੂੜ ਸਿੰਘ ਦੀਆਂ ਮੋਟੀਆਂ ਮੋਟੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ । ਨਵਾਂ ਆਇਆ ਸਿਖ ਰੂੜ ਸਿੰਘ ਕੋਲ ਬਹਿ ਤਾਂ ਗਿਆ ਪਰ ਉਸਦੇ ਅੱਖਾਂ'ਚ ਆਏ ਅੱਥਰੂਆ ਬਾਰੇ ਕੁਝ ਹੈਰਾਨ ਸੀ । ਉਹ ਫਿਰ ਪੁਛਣ ਲੱਗਾ :–

'ਰੂੜ ਸਿੰਹਾਂ ! ਸੁਣਾ ਦੇਹ ਬਈ ਫਿਰ ਇਹ ਗੱਲ ।'

ਰੂੜ ਸਿੰਘ ਨੇ ਦਸਣਾ ਸ਼ੁਰੂ ਕੀਤਾ :–

ਦੱਖਣ ਵਿਚ ਸਿਕੰਦਰਾਬਾਦ ਦੇ ਨੇੜੇ ਦੇ ਜੰਗਲਾ ਵਿਚ, ਅਸੀ ਦੋਵੇਂ ਭਰਾ ਲਕੜਾਂ ਦੀ ਠੇਕੇਦਾਰੀ ਕਰਦੇ ਹਾਂ । ਮੇਰਾ ਰੋਮ ਕਟਣੋਂ (ਕੇਸਾਂ ਦਾਹੜੀ ਦੇ ਵਾਲਾਂ ਨੂੰ ਕਟਣਾ) ਰੋਕਣ ਵਾਲੀ ਗੱਲ ਤਾਂ ਤੈਨੂੰ ਮੇਰਾ ਛੋਟਾ ਭਰਾ ਕਰਨੈਲ ਸਿੰਘ (ਨਾਲ ਬੈਠਾ ਹੋਇਆ ਤਿਆਰ-ਬਰ-ਤਿਆਰ ਸਿੰਘ) ਸੁਣਾਏਗਾ ਪਰ ਦਾਹੜਾ ਕਟਣ ਦੇ ਕੀਤੇ ਪਾਪ ਅਤੇ ਦਾਹੜਾ ਮੁੜ ਸੁਚਾ ਰਖਣ ਦੇ ਉਤਸ਼ਾਹ ਦੀ ਗੱਲ ਤੈਨੂੰ ਮੈ ਸੁਣਾ ਦੇਂਦਾ ਹਾਂ :-

'ਪਿਛਲੇ ਸਾਲ ਦਖਣ ਤੋਂ ਪੰਜਾਬ ਜਾਂਦੇ, ਮੈ ਸ੍ਰੀ ਹਜ਼ੂਰ ਸਾਹਿਬ ਦਰਸ਼ਨਾਂ ਲਈ ਉਤਰਿਆ । ਸੱਚਖੰਡ ਗੁਰਦੁਆਰੇ ਵਿਚ ਨਿਰਮਲ ਭੇਖ ਦਾ ਇਕ ਸੰਤ ਕਥਾ ਕਰਦੇ ਹੋਏ ਕਹਿ ਰਹੇ ਸਨ :-

ਖਾਲਸਾ ਜੀ । ਆਪ ਦਾ ਸੂਰਬੀਰ ਸਤਿਗੁਰੂ ਦਸਮ ਪਾਤਸ਼ਾਹ ਕਹਿੰਦਾ ਹੈ :-

**ਰਹਿਣੀ ਰਹੈ ਸੋਈ ਸਿਖ ਮੇਰਾ**
**ਉਹ ਸਾਹਿਬ ਮੈ ਉਸ ਕਾ ਚੇਰਾ ॥**

ਇਹ ਪੰਗਤੀਆਂ ਅਤੇ ਇਸ ਤਰ੍ਹਾਂ ਦੀਆਂ ਉਨ੍ਹਾਂ ਦੇ ਮੂੰਹ ਤੋਂ ਨਿਕਲੇ ਹੋਰ ਸ਼ਬਦਾਂ ਦਾ ਉਚਾਰਨ ਕਿ ਕਿਸ ਤਰ੍ਹਾਂ ਗੁਰੂ ਪਾਤਸ਼ਾਹ ਦਾ ਆਪਣੇ ਪੁਤਰਾਂ ਨੂੰ ਵਾਰ ਕੇ ਸਿਖਾਂ ਨੂੰ ਆਪਣਾਂ ਪੁਤਰ ਕਹਿਣਾ, ਐਸਾ ਅਸਰ ਵਾਲਾ ਸੀ ਕਿ ਜਿਥੇ ਉਨ੍ਹਾਂ ਦੀਆਂ ਆਪਣੀਆਂ ਅੱਖਾਂ

ਭਰ ਆਈਆਂ ਸਨ. ਉਥੇ ਸਾਰੀ ਸੰਗਤ ਉਤੇ ਜੋ ਪ੍ਰਭਾਵ (ਕਰੁਣਾ ਰਸ) ਛਾ ਗਿਆ ਅਤੇ ਉਸ ਵੇਲੇ ਜੋ ਮੇਰੀ ਹਾਲਤ ਹੋਈ, ਉਹ ਮੈਂ ਦਸ ਨਹੀਂ ਸਕਦਾ ।

ਉਸ ਦਿਨ ਸਚ-ਖੰਡ ਗੁਰਦੁਆਰੇ ਦੀ ਚਰਨ ਧੂੜ ਨੂੰ ਜਾਮਨ ਦੇ ਕੇ ਮੈਂ ਆਪਣਾ ਪ੍ਰਣ ਅਤੇ ਪ੍ਰਤਗਿਆ ਕੀਤੀ ਕਿ ਭਾਵੇਂ ਮੈਂ ਮਰ ਜਾਵਾਂ ਪਰ ਕੇਸ ਦਾਹੜ੍ਹੇ ਦੇ ਰੋਮ ਗੁਰੂ ਗੋਬਿੰਦ ਸਿੰਘ ਦੀ ਅਮਾਨਤ (ਮੋਹਰ) ਸਮਝਕੇ ਨਹੀਂ ਕਟਾਂਗਾ । ਸੋ ਇਹ ਮੇਰੀ ਵਿਥਿਆ ਹੈ ਦਾਹੜ੍ਹਾ ਸੁਚਾ ਰਖਣ ਦੀ ।'

ਇਸ ਤਰ੍ਹਾਂ ਹੋਰ ਗਲਾਂ ਕਰਨ ਮਗਰੋਂ ਉਸ ਦੇ ਭਰਾ ਕਰਨੈਲ ਸਿੰਘ ਨੇ ਇਸ ਤਰ੍ਹਾਂ ਦਸਣਾ ਸ਼ੁਰੂ ਕੀਤਾ–

'ਇਕ ਵਾਰ ਅਸੀਂ ਦੋਵੇਂ ਭਰਾ ਹੈਦਰਾਬਾਦ ਜਾਣ ਲਈ ਬੱਸ ਵਿਚ ਬੈਠੇ ਸਾਂ । ਕੰਡਕਟਰ ਆਇਆ ਅਤੇ ਉਸਨੇ ਮੈਨੂੰ ਪੁਛਿਆ ਸਰਦਾਰ ਜੀ ! ਆਪ ਕਹਾਂ ਜਾਏਂਗੇ ?

'ਹੈਦਰਾਬਾਦ'- ਮੈਂ ਕਿਹਾ ।

ਉਸ ਨੇ ਇਕ ਟਿਕਟ ਕਟ ਦਿਤੀ ਅਤੇ ਨਾਲ ਲਗਦੇ ਹੀ ਇਨ੍ਹਾਂ ਭਰਾ ਜੀ ਨੂੰ ਪੁਛਣ ਲਗਾ, 'ਭਈਆ ਤੁਮ ਨੇ ਕਹਾਂ ਜਾਣਾ ਹੈ ?'

ਇਹ ਸੁਣਕੇ ਇਨ੍ਹਾਂ ਦੇ ਤਨ-ਬਦਨ ਅੱਗ ਲਗ ਗਈ ਅਤੇ ਇਨ੍ਹਾਂ ਨੇ ਪੰਜਾਬੀ ਵਿਚ ਕੰਡਕਟਰ ਨੂੰ ਦੋ ਚਾਰ ਗਾਹਲਾਂ ਕਢ ਦਿਤੀਆਂ । (ਇਹ ਵਾਰਤਾ ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਹੈ ਜਦ ਪੰਜਾਬੋਂ ਬਾਹਰ ਬਹੁਤ ਥੁਹੜ੍ਹੇ ਸਿਖ ਹੋਇਆ ਕਰਦੇ ਸਨ) ਕੰਡਕਟਰ ਸਮਝਿਆ ਤਾਂ ਕੁਝ ਨਾਂਹ ਪਰ ਇਨ੍ਹਾਂ ਦੇ ਗੁਸੇ ਤੇ ਉਹ ਵੀ ਗੁਸੇ ਹੋਣ ਲਗਾ । ਮੈਂ ਉਸ ਨੂੰ ਕਿਹਾ, 'ਯਹ ਮੇਰੇ ਬੜ੍ਹੇ ਭਾਈ ਹੈ, ਇਨਹੋਂ ਨੇਂ ਭੀ ਹੈਦਰਾਬਾਦ ਜਾਣਾ ਹੈ

'ਯਹ ਆਪ ਕੇ ਭਾਈ ਹੈ ? ਕਿਆ ਆਪ ਹੰਸੀ ਕਰਤੇ ਹੈ ਮੇਰੇ ਸਾਥ ? ਯਹ ਆਪ ਕੇ ਭਾਈ ਕਿਸ ਤਰ੍ਹਾਂ ਹੋ ਸਕਤੇ ਹੈ ? ਯਹ ਨਾਦੇੜ੍ਹ ਵਾਲੇ ਗੁਰੂ ਜੀ ਕੇ ਸਿੱਖ ਤੋ ਮਾਲੂਮ ਹੀ ਨਹੀਂ ਪੜ੍ਹਤੇ ... ਆਦਿ ।' ਕੰਡਕਟਰ ਨੇ ਕਿਹਾ ।

'ਨਹੀਂ ਯਹ ਨਾਦੇੜ੍ਹ ਵਾਲੇ ਗੁਰੂ ਜੀ ਕੇ ਹੀ ਸਿੱਖ ਹੈ ।' ਮੈਂ ਕਿਹਾ ?

'ਯਹ ਕੈਸੇ ਸਿਖ ਹੈ ? ਮੈ ਜਾਨਤਾ ਹੂੰ ਸਿੱਖ ਲੋਗੋਂ ਕੋ ਮੈ ਨੇ ਤੋ ਐਸੇ ਸਿਖ ਕਭੀ ਨਹੀਂ ਦੇਖੇ ਜੋ ਬਾਲ ਕਾਟਤੇ ਹੋਂ । ਔਰ ਬਾਤ ਬਾਤ ਪਰ ਫਜ਼ੂਲ ਕਰੋਧ ਕਰਤੇ ਹੋਂ ।' ਕੰਡਕਟਰ ਨੇ ਕਿਹਾ, 'ਨਹੀਂ ਭਈਆ, ਇਨ ਕਾ ਗੁਸਾ ਕਰਨੇ ਕਾ ਕਾਰਨ ਯਿਹ ਹੈ ਕਿ ਆਪ ਨੇ ਮੁਝੇ ਤੋ ਸਰਦਾਰ ਜੀ ਕਹਾ ਔਰ ਇਨ ਕੋ ਭਈਆ ਕਹਿ ਕਰ ਕਹਾ ਕਿ ਤੁਮ ਨੇ ਕਹਾਂ ਜਾਨਾ ਹੈ ? ਆਪ ਕੇ ਕਹੇ ਨ੍ਰਿਾਦਰ ਕੇ ਸ਼ਬਦੋਂ ਸੇ ਇਨ ਕੋ ਗੁਸਾ ਆ ਗਿਆ ।'

'ਅਰੇ ਸਰਦਾਰ ਜੀ, ਜਾਨ ਬੂਝ ਕਰ ਤੋ ਹਮਾਰੀ ਜ਼ਬਾਨ ਸੇ ਕਿਸੀ ਭੀ ਸਵਾਰੀ ਕੇ ਲੀਏ ਨਿਰਾਦਰ ਕੇ ਸ਼ਬਦ ਤੋ ਨਿਕਲ ਹੀ ਨਹੀਂ ਸਕਤੇ। ਮੈਨੇ ਜੋ ਦੇਖਾ ਵਹੀ ਕਹਾ। ਮੁਝੇ ਪਤਾ ਹੈ ਕਿ ਨਾਦੇੜ ਵਾਲੇ ਗੁਰੂ ਕੇ ਸਿੱਖ ਕੋ ਕਿਸੀ ਨਾਈ ਕੇ ਸਾਹਮਣੇ ਆਪਣਾ ਮੁਖ ਨਹੀਂ ਰਖਾ ਕਰਤੇ। ਅਗਰ ਯਿਹ ਭੀ ਆਪ ਕੀ ਤਰਹ ਕੇਸ ਦਾਹੜ੍ਹੀ ਰਖੇ ਹੋਤੇ ਤੋ ਮੈਨੇ ਇਨ ਕੋ ਭੀ 'ਸਰਦਾਰ ਜੀ' ਕੇ ਸ਼ਬਦੋਂ ਸੇ ਹੀ ਸੰਬੋਧਨ ਕਰਨਾ ਥਾ । ਕਿਉਂਕਿ ਹਮ ਹਰ ਕੇਸੋਂ ਵਾਲੇ ਵਿਅਕਤੀ ਕਾ ਆਦਰ ਇਸ ਲੀਏ ਭੀ ਕਰਤੇ ਹੈਂ ਕਿ ਹਮਾਰੇ ਸ੍ਰੀ ਰਾਮ ਜੀ ਭੀ, ਕ੍ਰਿਸ਼ਨ ਔਰ ਤਮਾਮ ਰਿਸ਼ੀ-ਮੁਨੀ ਕੇਸੋਂ ਵਾਲੇ ਥੇ । ਔਰ ਕੇਸੋਂ ਦਾਹੜ੍ਹੀ ਵਾਲੀ ਮੂਰਤ ਤੋ ਆਪਣੇ ਆਪ ਮੇਂ ਲਾਜਵਾਬ ਹੋਤੀ ਹੈ ।

'ਅਗਰ ਭਾਈ ਸਾਹਿਬ ਕੋ ਮੇਰੇ ਇਸ ਕਹਿਣੇ ਪਰ ਇਤਬਾਰ

ਨ ਹੋ ਤੇ ਆਪ ਦੋਨੋ ਭਾਈ ਵਧੂ ਫਰੰਟ ਪਰ (ਸਾਹਮਣੇ) ਲਗੇ ਸ਼ੀਸ਼ੇ ਦੇ ਸਾਹਮਣੇ ਬੈਠ ਜਾਈਏ, ਔਰ ਦੋਨੋ ਸੂਰਤੇ ਕੀ ਪ੍ਰਭਾਵਤ ਕਰਨੇ ਵਾਲੀ ਸੁੰਦਰਤਾ ਕਾ ਫਰਕ ਦੇਖ ਲੇ ।

ਪਰ ਚਲੋ ਜੋ ਕੁਛ ਹੂਆ ਮੈਂ ਇਸ ਕੇ ਲੀਏ ਖਿਮਾਂ ਚਾਹਤਾ ਹੂੰ । ਇਸ ਲੀਏ ਕੀ ਯਿਹ ਆਪ ਕੇ ਬੜੇ ਭਾਈ ਹੈ ।

ਕਰਨੈਲ ਸਿੰਘ ਕਹਿਣ ਲਗਾ ਕਿ ਕੰਡਕਟਰ ਦੀ ਦਲੀਲ ਨੇ ਮੈਨੂੰ ਨਿਰੁਤਰ ਕਰ ਦਿਤਾ ਅਤੇ ਭਰਾ ਜੀ ਵੀ ਪਸਚਾਤਾਪ ਕਰਨ ਲਗੇ । ਜਦ ਕੰਡਕਟਰ ਚਲਾ ਗਿਆ ਤਾਂ ਇਨ੍ਹਾਂ ਨੇ ਮੈਨੂੰ ਕਿਹਾ ਕਿ ਅਗੋ ਮੈਂ ਦਾਹੜ੍ਹਾ ਬਿਲਕੁਲ ਨਹੀਂ ਕਟਨਾ । ਪਹਿਲਾਂ ਮੈਂ ਕੁਸੰਗਤ ਕਰਕੇ ਐਵੇਂ ਝਖ ਮਾਰਦਾ ਰਿਹਾ ਹਾਂ ।

ਇਹ ਹੈ ਸਚੀ ਵਾਰਤਾ ਜੋ ਭਾਰਤ ਪਾਕਿਸਤਾਨ ਬਨਣ ਤੇ ਪਹਿਲਾਂ ਦਖਣੀ ਭਾਰਤ ਵਿਚ ਵਾਪਰੀ ਸੀ ਜਿਸ ਤੇ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਕੇਸ ਦਾਹੜ੍ਹੀ ਸਾਬਤ ਰਖਣ ਵਾਲੇ ਅਤੇ ਦਾਹੜ੍ਹੀ ਕਤਰਨ ਵਾਲੇ ਸਿੱਖਾਂ ਦਾ ਪ੍ਰਭਾਵ ਦੂਜਿਆਂ ਉਤੇ ਕਿਸ ਤਰ੍ਹਾਂ ਪੈਂਦਾ ਹੈ ਅਤੇ ਦੂਸਰੇ ਸਾਨੂੰ ਕੀ ਅਤੇ ਕਿਸ ਤਰ੍ਹਾਂ ਸਮਝਦੇ ਹਨ ਅਤੇ ਕਿਸ ਤਰ੍ਹਾਂ ਵਿਹਾਰ ਕਰਦੇ ਹਨ ।

ਭੇਟਾ : 25/- ਰੁਪਏ ਸੈਂਕੜਾ